


# ਵਿਸਰ ਰਹੀਆਂ ਖੇਡ - ਕੋਟਲਾ ਛਪਾਕੀ



ਬੱਚਿਓ ਇਹ ਖੇਡ ਮੁੰਡੇ-ਕੁੜੀਆਂ ਵੱਲੋਂ ਮਿਲ ਕੇ ਖੇਡੀ ਜਾਂਦੀ ਹੈ। ਇਸ ਖੇਡ ਨੂੰ ਖੇਡਣ ਲਈ ਘੱਟ ਤੋਂ ਘੱਟ 7-8 ਬੱਚਿਆਂ ਦੀ ਲੋੜ ਹੁੰਦੀ ਹੈ। ਇਹ ਖੇਡ ਖੇਡਣ ਤੋਂ ਪਹਿਲਾਂ ਕੋਟਲੇ ਦੀ ਤਿਆਰੀ ਕੀਤੀ ਜਾਂਦੀ ਹੈ। ਕੱਪੜੇ ਦੇ ਇਕ ਟੁਕੜੇ ਨੂੰ ਵੱਟ ਚੜ੍ਹਾ ਕੇ, ਦੂਹਰਾ ਕਰਕੇ, ਇਕ ਪੋਲਾ ਜਿਹਾ ਦੋ-ਤਿੰਨ ਫੁੱਟ ਦਾ ਰੱਸਾ ਤਿਆਰ ਕੀਤਾ ਜਾਂਦਾ ਹੈ। ਉਸ ਤੋਂ ਵਾਰੀ (ਦਾਈ) ਦੇਣ ਵਾਲੇ ਬੱਚੇ ਦੀ ਚੋਣ ਕੀਤੀ ਜਾਂਦੀ ਹੈ। ਇਸ ਲਈ ਵੀ ਇਕ ਛੋਟਾ ਜਿਹਾ ਟੈਸਟ ਰੱਖਿਆ ਜਾਂਦਾ ਹੈ, ਜੋ ਬੱਚਾ ਟੈਸਟ ਹਾਰਦਾ ਹੈ, ਉਸ ਨੂੰ ਵਾਰੀ ਦੇਣੀ ਪੈਂਦੀ ਹੈ। ਸਾਰੇ ਬੱਚੇ ਇਕ ਚੱਕਰ ਦੇ ਰੂਪ ਵਿੱਚ ਮੂੰਹ ਹੇਠਾਂ ਕਰਕੇ ਬੈਠ ਜਾਂਦੇ ਹਨ ਅਤੇ ਵਾਰੀ ਦੇਣ ਵਾਲਾ ਹੱਥ ਵਿੱਚ ਕੋਟਲਾ ਫੜ ਉਸ ਚੱਕਰ ਦੇ ਦੁਆਲੇ ਘੁੰਮਦਾ ਹੈ। ਉਹ ਘੁੰਮਦਾ ਹੋਇਆ ਪੁਕਾਰਦਾ ਹੈ, 'ਕੋਟਲਾ ਛਪਾਕੀ ਜੁੰਮੇ ਰਾਤ ਆਈ ਏ', ਬੈਠੇ ਬੱਚੇ ਬੋਲਦੇ ਹਨ 'ਆਈ ਏ, ਜੀ ਆਈ ਏ' ਫਿਰ ਘੁੰਮਣ ਵਾਲਾ ਬੱਚਾ ਬੋਲਦਾ ਹੈ 'ਜਿਹੜਾ ਪਿੱਛੇ ਭੌਂ ਕੇ ਵੇਖੇ, ਉਸ ਦੀ ਸ਼ਾਮਤ ਆਈ ਏ' ਇਸ ਖੇਡ ਵਿੱਚ ਵਾਰੀ ਦੇਣ ਵਾਲੇ ਦਾ ਮੁੱਖ ਮੰਤਵ ਇਹ ਹੁੰਦਾ ਹੈ ਕਿ ਉਹ ਕੋਟਲੇ ਨੂੰ ਕਿਸੇ ਬੱਚੇ ਦਾ ਪਿੱਛੇ ਰੱਖ ਦੇਵੇ ਪਰ ਉਸ ਨੂੰ ਪਤਾ ਨਾ ਲੱਗੇ। ਇਸ ਦੇ ਉਲਟ ਬੈਠੇ ਬੱਚੇ ਬਿਨ੍ਹਾਂ ਪਿੱਛੇ ਵੇਖੇ, ਪੂਰੀ ਤਰ੍ਹਾਂ ਚੌਕਸ ਰਹਿੰਦੇ ਹਨ ਕਿ ਕੋਟਲਾ ਉਸ ਦੇ ਪਿੱਛੇ ਤਾਂ ਨਹੀਂ ਰੱਖਿਆ ਗਿਆ। ਉਂਜ ਜੇਕਰ ਬੈਠੇ ਬੱਚਿਆਂ ਵਿੱਚੋਂ ਕੋਈ ਪਿੱਛੇ ਭੌਂ ਕੇ ਵੇਖਦਾ ਹੈ ਤਾਂ ਵਾਰੀ ਦੇਣ ਵਾਲਾ ਉਸ ਦੇ ਲੱਕ ਵਿੱਚ ਕੋਟਲਾ ਮਾਰਦਾ ਹੈ।

ਇਸ ਖੇਡ ਵਿੱਚ ਵਾਰੀ ਦੇਣ ਵਾਲਾ ਚੋਰੀ ਨਾਲ ਕੋਟਲਾ ਕਿਸੇ ਬੱਚੇ ਦੇ ਪਿੱਛੇ ਰੱਖ ਦਿੰਦਾ ਹੈ ਅਤੇ ਕੋਟਲਾ ਛਪਾਕੀ ਜੁੰਮੇ ਰਾਤ ਆਈ ਬੋਲਦਾ, ਬੈਠੇ ਬੱਚਿਆਂ ਦੁਆਲਾ ਘੁੰਮਦਾ ਹੈ। ਜੇਕਰ ਬੈਠੇ ਬੱਚਿਆਂ ਵਿੱਚੋਂ ਬੱਚੇ ਨੂੰ ਪਤਾ ਲੱਗ ਜਾਵੇ ਕਿ ਉਸ ਦੇ ਮਗਰ ਕੋਟਲਾ ਹੈ ਤਾਂ ਉਹ ਬੱਚਾ ਕੋਟਲਾ ਫੜ ਕੇ ਵਾਰੀ ਦੇਣ ਵਾਲੇ ਦੇ ਮਗਰ ਦੌੜਦਾ ਹੈ ਅਤੇ ਕੋਟਲਾ ਉਸ ਦੇ ਮਾਰਨ ਦੀ ਕੋਸ਼ਿਸ਼ ਕਰਦਾ ਹੈ, ਜਦ ਤੱਕ ਵਾਰੀ ਦੇਣ ਵਾਲਾ ਉਸ ਦੀ ਥਾਂ 'ਤੇ ਆ ਕੇ ਨਹੀਂ ਬੈਠਦਾ। ਜੇ ਬੱਚੇ ਨੂੰ ਪਿੱਛੇ ਰੱਖੇ ਕੋਟਲੇ ਦਾ ਪਤਾ ਨਾ ਲੱਗੇ ਤਾਂ ਵਾਰੀ ਦੇਣ ਵਾਲਾ, ਉਸ ਬੈਠੇ ਬੱਚੇ ਨੂੰ ਕੁੱਟਦਾ ਹੈ ਅਤੇ ਇਸ ਤਰ੍ਹਾਂ ਨਵੇਂ ਬੱਚੇ ਨੂੰ ਵਾਰੀ ਦੇਣੀ ਪੈਂਦੀ ਹੈ। ਇਹ ਖੇਡ ਸਾਡੇ ਅੰਦਰ ਇਕੱਠੇ ਪਿਆਰ ਨਾਲ ਰਹਿਣ ਦੀ ਆਦਤ ਪੈਦਾ ਕਰਦੀ ਹੈ। ਇਹ ਖੇਡ ਸਰੀਰਕ ਵਿਕਾਸ ਦੇ ਨਾਲ ਮਾਨਸਿਕ ਵਿਕਾਸ ਨੂੰ ਵੀ ਉਤਸ਼ਾਹਤ ਕਰਦੀ ਹੈ।

ਮਾ. ਸੁਖਵਿੰਦਰ ਸਿੰਘ





# ਬਾਂਦਰ ਤੇ ਨੀਲ ਪਰੀ

ਇੱਕ ਪਰੀ ਸੀ ਜਿਸ ਦੇ ਪੰਖ ਨੀਲੇ ਸਨ। ਉਸ ਨੂੰ ਸਾਰੇ ਨੀਲ ਪਰੀ ਕਹਿੰਦੇ ਸਨ। ਉਹ ਪਰੀ ਲੋਕ ਵਿਚ ਰਹਿੰਦੀ ਸੀ। ਪਰੀ ਲੋਕ ਵਿਚ ਹੋਰ ਵੀ ਪਰੀਆਂ ਰਹਿੰਦੀਆਂ ਸਨ ਤੇ ਇਕ ਰਾਣੀ ਪਰੀ ਜਿਸ ਦੇ ਪੰਖ ਸੁਨਹਿਰੀ ਸਨ, ਵੀ ਰਹਿੰਦੀ ਸੀ। ਰਾਣੀ ਪਰੀ ਨੂੰ ਸੋਨ ਪਰੀ ਵੀ ਕਹਿੰਦੇ ਸਨ।


ਨੀਲ ਪਰੀ ਨੂੰ ਪਾਣੀ ਵਿਚ ਨਹਾਉਣ ਦਾ ਬਹੁਤ ਸ਼ੌਕ ਸੀ। ਪਰ ਪਰੀ ਲੋਕ ਵਿਚ ਕੋਈ ਝੀਲ ਨਹੀਂ ਸੀ, ਇਸ ਲਈ ਉਹ ਹਰ ਚਾਂਦਨੀ ਰਾਤ ਨੂੰ ਧਰਤੀ 'ਤੇ ਆਉਂਦੀ ਤੇ ਨੈਨੀ ਝੀਲ ਵਿਚ ਬਹੁਤ ਨਹਾਉਂਦੀ। ਨਹਾ ਧੋ ਕੇ ਉਹ ਫਿਰ ਪਰੀ ਲੋਕ ਵਿਚ ਵਾਪਸ ਚਲੀ ਜਾਂਦੀ। ਜਦੋਂ ਉਹ ਪਾਣੀ ਵਿਚ ਨਹਾਉਂਦੀ ਤਾਂ ਆਪਣੇ ਨੀਲੇ ਪੰਖਾਂ ਨੂੰ ਉਤਾਰ ਕੇ ਝੀਲ ਦੇ ਕਿਨਾਰੇ ਲੱਗੇ ਇਕ ਦਰਖਤ ਹੇਠਾਂ ਰੱਖ ਦਿੰਦੀ। ਝੀਲ ਦੇ ਕਿਨਾਰੇ ਇਸ ਦਰਖਤ ਉੱਪਰ ਇਕ ਨਟਖਟ ਬਾਂਦਰ ਰਹਿੰਦਾ ਸੀ। ਜਦੋਂ ਨੀਲ ਪਰੀ ਨਹਾਉਣ ਲੱਗੀ ਆਪਣੇ ਪੰਖ ਉਤਾਰ ਕੇ ਦਰਖਤ ਹੇਠਾਂ ਰੱਖ ਦਿੰਦੀ ਸੀ ਤਾਂ ਉਨ੍ਹਾਂ ਪੰਖਾਂ ਵਿਚੋਂ ਬਹੁਤ ਮਨਮੋਹਕ ਸੁਗੰਧੀ ਆਉਂਦੀ ਸੀ। ਬਾਂਦਰ ਨੂੰ ਇਹ ਮਹਿਕ ਬਹੁਤ ਪਿਆਰੀ ਲੱਗਦੀ ਸੀ। ਉਹ ਇਸ ਮਹਿਕ ਦੀ ਭਾਲ ਨੂੰ ਇਧਰ-ਉਧਰ ਟਪੂਸੀਆਂ ਮਾਰਦਾ ਪਰ ਉਸ ਨੂੰ ਇਹ ਨਹੀਂ ਪਤਾ ਲੱਗਦਾ ਕਿ ਇਹ ਮਹਿਕ ਕਿਥੋਂ ਆ ਰਹੀ ਹੈ। ਉਹ ਹਰ ਇਕ ਪਾਸੇ ਸੁੰਘਦਾ ਫਿਰਦਾ ਅਤੇ ਬੜਾ ਪ੍ਰੇਸ਼ਾਨ ਹੋ ਜਾਂਦਾ।

ਇਕ ਦਿਨ ਬਾਂਦਰ ਨੇ ਦਰਖਤ ਤੋਂ ਹੇਠਾਂ ਉਤਰ ਕੇ ਨੀਲ ਪਰੀ ਦੇ ਪੰਖ ਸੁੰਘ ਲਏ ਤੇ ਉਸ ਨੂੰ ਪਤਾ ਲੱਗ ਗਿਆ ਕਿ ਇਹ ਮਹਿਕ ਇਨ੍ਹਾਂ ਪੰਖਾਂ ਵਿਚੋਂ ਹੀ ਆਉਂਦੀ ਹੈ। ਇੰਨੇ ਨੂੰ ਨੀਲ ਪਰੀ ਨਹਾ ਕੇ ਜਦੋਂ ਬਾਹਰ ਝੀਲ ਦੇ ਕਿਨਾਰੇ ਆਈ ਤਾਂ ਉਥੇ ਪੰਖ ਨਾ ਦੇਖ ਕੇ ਬਹੁਤ ਉਦਾਸ ਹੋਈ। ਉਸ ਨੇ ਦਰਖਤ ਉੱਪਰ ਨਿਗਾਹ ਮਾਰੀ ਤਾਂ ਪਤਾ ਲੱਗਾ ਕਿ ਉਸ ਦੇ ਪੰਖ ਬਾਂਦਰ ਲੈ ਗਿਆ ਹੈ। ਉਸ ਨੇ ਬਥੇਰਾ ਕਿਹਾ ਕਿ ਬਾਂਦਰ ਮਾਮਾ ਮੇਰੇ ਪੰਖ ਮੈਨੂੰ ਦੇ ਦਿਉ ਪਰ ਬਾਂਦਰ ਨੇ ਇੱਕ ਨਾ ਸੁਣੀ। ਬਾਂਦਰ ਉਨ੍ਹਾਂ ਪੰਖਾਂ ਨੂੰ ਆਪਣੇ ਹੱਥਾਂ ਵਿਚ ਲੈ ਕੇ ਇਧਰ-ਉਧਰ ਹਿਲਾਉਣ ਲੱਗਾ। ਇੰਨੇ ਨੂੰ ਇੱਕ ਕ੍ਰਿਸ਼ਮਾ ਹੋਇਆ ਕਿ ਬਾਂਦਰ ਦੇ ਪੈਰ ਉਖੜਨ ਲੱਗੇ ਤੇ ਵੇਖਦੇ-ਵੇਖਦੇ ਉਹ ਹਵਾ ਵਿਚ ਉੱਡਣ ਲੱਗ ਪਿਆ।

ਬਾਂਦਰ ਨੇ ਹੇਠਾਂ ਜ਼ਮੀਨ ਤੇ ਉਤਰਨ ਲਈ ਬਹੁਤ ਹੱਥ-ਪੈਰ ਮਾਰੇ ਪਰ ਉਹ ਹੇਠਾਂ ਨਾ ਉਤਰ ਸਕਿਆ। ਉਡਦਾ-ਉਡਦਾ ਉਹ ਪਰੀ ਲੋਕ ਵਿਚ ਪਹੁੰਚ ਗਿਆ। ਉਥੇ ਪਹੁੰਚ ਕੇ ਉਹ ਇਕ ਬਹੁਤ ਹੀ ਸੁਹਣੇ ਬਾਗ ਵਿਚ ਪਹੁੰਚ ਗਿਆ। ਉਸ ਨੂੰ ਇੰਝ ਲੱਗਾ ਕਿ ਉਹ ਸਵਰਗ ਵਿਚ ਪਹੁੰਚ ਗਿਆ ਹੈ। ਬਾਗ ਵਿਚ ਬਹੁਤ ਸੁੰਦਰ ਫੁੱਲ ਤੇ ਫਲ ਲੱਗੇ ਹੋਏ ਸਨ। ਬਾਂਦਰ ਨੇ ਆਪਣੀ ਆਦਤ ਮੁਤਾਬਕ ਉਹਨਾਂ ਫੁੱਲਾਂ ਨੂੰ ਤੋੜ-ਮਰੋੜ ਕੇ ਹੇਠਾਂ ਸੁੱਟ ਦਿੱਤਾ ਤੇ ਕੁਝ ਫਲਾਂ ਨੂੰ ਖਾ ਲਿਆ ਤੇ ਬਾਕੀ ਦੇ ਫਲ ਤੋੜ-ਤੋੜ ਕੇ ਹੇਠਾਂ ਸੁੱਟ ਦਿੱਤੇ ਤੇ ਸਾਰਾ ਬਾਗ ਉਜਾੜ ਦਿੱਤਾ। ਇੰਨੇ ਨੂੰ ਪਰੀ ਲੋਕ ਦੀਆਂ ਪਰੀਆਂ ਉਥੇ ਆ ਗਈਆਂ। ਉਹਨਾਂ ਨੇ ਬਾਂਦਰ ਨੂੰ ਪਕੜਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਬਾਂਦਰ ਇੰਨਾ ਚਲਾਕ ਸੀ ਕਿ ਉਹ ਉਨ੍ਹਾਂ ਦੇ ਹੱਥ ਨਹੀਂ ਲੱਗਾ ਤੇ ਇਧਰ-ਉਧਰ ਟਪੂਸੀਆਂ ਮਾਰ ਕੇ ਬਚਦਾ ਰਿਹਾ। ਪਰੀ ਲੋਕ ਦੀਆਂ ਪਰੀਆਂ ਨੇ ਸਾਰੀ ਖ਼ਬਰ ਆਪਣੀ ਰਾਨੀ ਸੋਨ ਪਰੀ ਨੂੰ ਜਾ ਕੇ ਦੱਸੀ। ਸੋਨ ਪਰੀ ਨੇ ਬਹੁਤ ਸਾਰਿਆਂ ਹੋਰ ਪਰੀਆਂ ਦੀ ਮਦਦ ਨਾਲ ਘੇਰਾ ਪਾ ਕੇ ਆਖਿਰ ਬਾਂਦਰ ਨੂੰ ਫੜ ਲਿਆ। ਬਾਂਦਰ ਦੀਆਂ ਹਰਕਤਾਂ ਦੇਖ ਕੇ ਉਸ ਨੂੰ ਹਵਾਲਾਤ ਵਿਚ ਬੰਦ ਕਰ ਦਿੱਤਾ। ਅੱਧੀ ਰਾਤ ਤੱਕ ਬਾਂਦਰ ਹਵਾਲਾਤ ਵਿਚ ਇੱਕ ਕੋਨੇ ਲੱਗ ਕੇ ਬੈਠਾ ਰਿਹਾ ਪਰ ਅੱਧੀ ਰਾਤ ਤੋਂ ਬਾਅਦ ਉਸ ਨੇ ਚੀਖਣਾ-ਚਿਲਾਉਣਾ ਸ਼ੁਰੂ ਕਰ ਦਿੱਤਾ। ਉਸ ਦਾ ਰੌਲਾ ਸੁਣ ਕੇ ਪਹਿਰੇਦਾਰ ਪਰੀਆਂ ਉਸ ਦੇ ਜੰਗਲੇ ਕੋਲ ਆਈਆਂ ਤਾਂ ਬਾਂਦਰ ਨੇ ਝਪਟ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਤੇ ਉਹਨਾਂ ਨੂੰ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ। ਦੂਸਰੇ ਦਿਨ ਬਾਂਦਰ ਨੂੰ ਸੋਨ ਪਰੀ ਦੇ ਸਾਹਮਣੇ ਪੇਸ਼ ਕੀਤਾ ਗਿਆ। ਬਾਂਦਰ ਦੀਆਂ ਹਰਕਤਾਂ ਬਾਰੇ ਸੁਣ ਕੇ ਰਾਨੀ ਸੋਨ ਪਰੀ ਨੇ ਉਸ ਦੀ ਪੂੰਛ ਕੱਟ ਕੇ ਧਰਤੀ 'ਤੇ ਸੁੱਟ ਦੇਣ ਦਾ ਹੁਕਮ ਦੇ ਦਿੱਤਾ। ਬਾਂਦਰ ਨੂੰ ਜਲਾਦ ਪਰੀ ਕੋਲ ਲਿਜਾਇਆ ਗਿਆ। ਉਥੇ ਬਾਂਦਰ ਨੇ ਬਹੁਤ ਤਰਲੇ ਕੀਤੇ ਪਰ ਜਲਾਦ ਪਰੀ ਨੇ ਹੁਕਮ ਮੁਤਾਬਕ ਉਸ ਦੀ ਪੂੰਛ ਕੱਟ ਦਿੱਤੀ ਤੇ ਉਸ ਨੂੰ ਰੋਂਦਾ-ਕੁਰਲਾਉਂਦਾ ਧਰਤੀ 'ਤੇ ਸੁੱਟ ਦਿੱਤਾ। ਧਰਤੀ 'ਤੇ ਪਹੁੰਚ ਕੇ ਬਾਂਦਰ ਉਸੇ ਝੀਲ ਦੇ ਕਿਨਾਰੇ ਦਰਖਤ 'ਤੇ ਆਣ ਡਿੱਗਾ।

ਨੀਲ ਪਰੀ ਉਥੇ ਹੀ ਬੈਠੀ ਝੀਲ ਦੇ ਕਿਨਾਰੇ ਰੋ ਰਹੀ ਸੀ। ਬਾਂਦਰ ਦਰਦ ਨਾਲ ਤੜਫ ਰਿਹਾ ਸੀ। ਉਸ ਨੇ ਜਦੋਂ ਆਪ ਦੇ ਹੱਥ ਪੈਰ ਇੱਧਰ-ਉੱਧਰ ਮਾਰੇ ਤਾਂ ਹੱਥਾਂ ਵਿਚੋਂ ਪੰਖ ਨਿਕਲ ਕੇ ਹੇਠਾਂ ਡਿੱਗ ਪਏ। ਨੀਲ ਪਰੀ ਨੇ ਆਪਣੇ ਪੰਖ ਲੈ ਲਏ ਤੇ ਪਰੀ ਲੋਕ ਵੱਲ ਉੱਡ ਗਈ। ਬਾਂਦਰ ਰੋਂਦਾ-ਕੁਰਲਾਉਂਦਾ ਉਸ ਨੂੰ ਦੇਖਦਾ ਰਿਹਾ। ਬੁਰੇ ਕੰਮ ਦਾ ਨਤੀਜਾ ਹਮੇਸ਼ਾਂ ਬੁਰਾ ਹੀ ਹੁੰਦਾ ਹੈ, ਬੁਰੇ ਕੰਮਾਂ ਤੋਂ ਹਮੇਸ਼ਾਂ ਦੂਰ ਰਹੋ।

ਸੁਰਿੰਦਰ ਕੌਰ ਰੋਮੀ, ਫਿਲੌਰ



ਪਿਆਰੇ ਬੱਚਿਓ !

ਤੁਹਾਨੂੰ ਪਤਾ ਹੈ ਕਿ ਹਾਥੀਆਂ ਦੀ ਯਾਦਸ਼ਕਤੀ ਤੇ ਵਧਦੀ ਉਮਰ ਦਾ ਕੋਈ ਅਸਰ ਨਹੀ ਪੈਂਦਾ। ਹਾਥੀਆ ਦੀ ਯਾਦਸ਼ਕਤੀ ਬਹੁੱਤ ਤੇਜ ਹੁੰਦੀ ਹੈ। ਉਮਰ ਵੱਧ ਹੋ ਜਾਣ ਤੇ ਵੀ ਇਹ ਆਪਣੀਆ ਪੁਰਾਣੀਆ ਘਟਨਾਵਾਂ ਨੂੰ ਭੁਲਦੇ ਨਹੀ। ਸਮਾਂ ਆਉਣ ਤੇ ਇਹ ਆਪਣੀਆਂ ਸਿੱਖਿਆ ਗੱਲਾਂ ਦਾ ਚੰਗੀ ਤਰ੍ਹਾ ਉਪਯੋਗ ਕਰ ਲੈਂਦੇ ਹਨ।

## ਬੀਰਬਲ ਦੀਆਂ ਬਾਤਾਂ

ਇਕ ਵਾਰ ਬੀਰਬਲ ਬਾਦਸ਼ਾਹ ਨਾਲ ਨਾਰਾਜ਼ ਹੋ ਕੇ ਕਿਤੇ ਬਾਹਰ ਚਲਾ ਗਿਆ। ਬਾਦਸ਼ਾਹ ਅਕਬਰ ਨੇ ਉਸ ਨੂੰ ਬਹੁਤ ਭਾਲਿਆ ਪਰ ਉਸ ਦਾ ਕੋਈ ਥਹੁ-ਪਤਾ ਨਾ ਲੱਗਾ। ਥੱਕ ਹਾਰ ਕੇ ਬਾਦਸ਼ਾਹ ਨੇ ਦੂਰ-ਨੇੜੇ ਢਮਡੋਰਾ ਪਿੱਟਵਾ ਦਿੱਤਾ ਕਿ 'ਜੋ ਆਦਮੀ ਅੱਧੀ ਧੁੱਪ ਅਤੇ ਅੱਧੀ ਛਾਂ ਵਿਚ ਮੇਰੇ ਕੋਲ ਆਵੇਗਾ ਉਸ ਨੂੰ ਦਸ ਹਜ਼ਾਰ ਰੁਪਏ ਇਨਾਮ ਦਿੱਤਾ ਜਾਵੇਗਾ।"

ਜਦੋਂ ਇਹ ਖਬਰ ਬੀਰਬਲ ਦੇ ਕੰਨਾਂ ਤਕ ਪਹੁੰਚੀ ਤਾਂ ਉਸ ਨੇ ਇਕ ਮੰਜੀ ਅਜਿਹੇ ਢੰਗ ਹੀ ਬਣਾਈ ਜਿਸ ਵਿਚ ਬਰਾਬਰ ਦੇ ਛੇਕ ਸਨ।

ਉਹ ਮੰਜੀ ਉਸ ਨੇ ਇਕ ਜੱਟ ਨੂੰ ਦੇ ਕੇ ਕਿਹਾ, "ਤੂੰ ਇਸ ਮੰਜੀ ਨੂੰ ਆਪਣੇ ਸਿਰ ਉਪਰ ਚੁੱਕ ਕੇ ਬਾਦਸ਼ਾਹ ਅਕਬਰ ਕੋਲ ਚਲਾ ਜਾ ਅਤੇ ਇਨਾਮ ਲੈ ਆ।"

ਜਦ ਉਹ ਜੱਟ ਬਾਦਸ਼ਾਹ ਦੇ ਦਰਬਾਰ ਵਿਚ ਪਹੁੰਚਿਆ ਤਾਂ ਉਹ ਅੱਧਾ ਧੁੱਪ ਅਤੇ ਅੱਧਾ ਛਾਂ ਵਿਚ ਸੀ।

ਉਸ ਨੂੰ ਬਣਦਾ ਇਨਾਮ ਦੇਣ ਦੇ ਨਾਲ ਹੀ ਬਾਦਸ਼ਾਹ ਨੂੰ ਬੀਰਬਲ ਦਾ ਪਤਾ ਵੀ ਲੱਗ ਗਿਆ।

## ਭੰਗ



ਬੀਰਬਲ ਭੰਗ ਪੀਂਦਾ ਹੁੰਦਾ ਸੀ ਪਰ ਅਕਬਰ ਨਹੀਂ ਪੀਂਦਾ ਸੀ। ਇਕ ਵਾਰੀ ਭੰਗ ਦੇ ਖੇਤ ਵਿਚ ਖੋਤੇ ਨੂੰ ਘਾਹ ਚਰਦਿਆਂ ਦੇਖ ਕੇ ਅਕਬਰ ਨੇ ਬੀਰਬਲ ਨੂੰ ਕਿਹਾ, "ਬੀਰਬਲ ਦੇਖ ਭੰਗ ਕਿੰਨੀ ਬੁਰੀ ਚੀਜ਼ ਹੈ ਇਸ ਨੂੰ ਖੋਤੇ ਵੀ ਨਹੀਂ ਖਾਂਦੇ।" ਬੀਰਬਲ ਨੇ ਕਿਹਾ, "ਠੀਕ ਹੈ ਹਜ਼ੂਰ! ਖੋਤੇ ਭੰਗ ਨਹੀਂ ਖਾਂਦੇ।"